ਪੁਲਿਸ ਪਬਲਿਕ ਮੀਟਿੰਗ ਆਯੋਜਿਤ

ਨੂਰਪੁਰ ਬੇਦੀ, 13 ਫਰਵਰੀ (ਪਰਮਜੀਤ ਅਬਿਆਣਾ)-ਇਲਾਕੇ ਦੇ ਪਿੰਡ ਅਬਿਆਣਾ ਵਿਖੇ ਪੁਲਿਸ ਮੀਟਿੰਗ ਆਯੋਜਿਤ ਕੀਤੀ ਗਈ। ਇਹ ਮੀਟਿੰਗ ਡੀ.ਐੱਸ.ਪੀ. ਹਰਮੀਤ ਸਿੰਘ ਹੁੰਦਲ ਨੰਗਲ ਦੀ ਰਹਿਨੁਮਾਈ ਹੇਠ ਹੋਈ। ਇਸ ਮੀਟਿੰਗ ਵਿੱਚ ਪਿੰਡ ਵਾਸੀਆਂ ਅਤੇ ਇਲਾਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ। ਜਿਨ੍ਹਾਂ ਵਿੱਚ ਨਜਾਇਜ਼ ਤੌਰ 'ਤੇ ਕਬਜ਼ੇ, ਪ੍ਰੈਸ਼ਰ ਹਾਰਨ ਜੋ ਕਿ ਸਕੂਲਾਂ ਕਾਲਜਾਂ ਦੇ ਸਾਹਮਣੇ ਜਾ ਕੇ ਵਜਾਏ ਜਾਂਦੇ ਹਨ, ਕਿਸੇ ਗਰੀਬ ਨੂੰ ਨਜਾਇਜ਼ ਤੌਰ 'ਤੇ ਪ੍ਰੇਸ਼ਾਨ ਕਰਨਾ ਆਦਿ। ਇਸ ਮੌਕੇ ਡੀ.ਐੱਸ.ਪੀ. ਹੁੰਦਲ ਵੱਲੋਂ ਅਸਲਾ ਲਾਇਸੰਸ ਵੀ ਚੈੱਕ ਕੀਤੇ ਗਏ ਤਾਂ ਜੋ ਬਿਨਾਂ ਲਾਇਸੰਸ ਤੇ ਅਸਲਾ ਰੱਖਣ ਵਾਲੇ ਵਿਰੁੱਧ ਕਾਰਵਾਈ ਵੀ ਕੀਤੀ ਜਾਵੇ। ਡੀ.ਐੱਸ.ਪੀ. ਹੁੰਦਲ ਨੇ ਮੰਚ ਤੇ ਬੋਲਦਿਆਂ ਆਖਿਆ ਕਿ ਕਿਸੇ ਵੀ ਤਰ੍ਹਾਂ ਦੀ ਘਟਨਾ ਵਾਪਰਨ ਤੇ ਪੁਲਿਸ ਆਪ ਦੀ ਮੱਦਦ ਕਰ ਸਕੇ ਅਤੇ ਉਨ੍ਹਾਂ ਨੇ ਕਿਹਾ ਕਿ ਜੇਕਰ ਸਾਡੇ ਸਾਹਮਣੇ ਕਿਸੇ ਦਾ ਐਕਸੀਡੈਂਟ ਹੋ ਜਾਵੇ। ਤਾਂ ਸਾਨੂੰ ਉਸਦੀ ਪੂਰੀ ਮੱਦਦ ਕਰਨੀ ਚਾਹੀਦੀ ਹੈ। ਸਟੇਜ 'ਤੇ ਬੋਲਦਿਆਂ ਡੀ.ਐੱਸ.ਪੀ. ਹਰਮੀਤ ਸਿੰਘ ਹੁੰਦਲ ਦੇ ਨਾਲ ਐੱਸ.ਐੱਚ.ਓ. ਦਲਜੀਤ ਸਿੰਘ ਨੂਰਪੁਰ ਬੇਦੀ, ਏ.ਐੱਸ.ਆਈ. ਜਸਪਾਲ ਸਿੰਘ ਚੌਂਕੀ ਇੰਚਾਰਜ ਹਰੀਪੁਰ ਵੀ ਹਾਜ਼ਰ ਸਨ। ਇਸ ਮੌਕੇ ਪਿੰਡ ਵਾਸੀਆਂ ਅਤੇ ਇਲਾਕਾ ਨਿਵਾਸੀਆਂ ਵੱਲੋਂ ਡੀ.ਐੱਸ.ਪੀ. ਸਾਹਿਬ ਤੋਂ ਇੱਕ ਅਲਟਰਾ ਸਾਊਂਡ ਮਸ਼ੀਨ ਲਗਵਾਉਣ ਦੀ ਮੰਗ ਕੀਤੀ ਗਈ। ਇਸ ਮੌਕੇ 'ਤੇ ਸਰਪੰਚ ਸ਼ੀਤਲ ਸਿੰਘ, ਸਰਪੰਚ ਕਮਲ ਸਿੰਘ, ਅਰਜਨ ਸਿੰਘ ਬਲਾਕ ਸੰਮਤੀ ਮੈਂਬਰ ਗੜਥਾਗਾ, ਸੂਬੇਦਾਰ ਰਾਮ ਭਜ, ਬਚਿੱਤਰ ਸਿੰਘ ਸਰਪੰਚ ਹਰੀਪੁਰ ਫੂਲੜੇ, ਮੋਹਨ ਲਾਲ ਸਰਪੰਚ ਨੌਧੇ ਮਾਜਰਾ, ਡਾ. ਧਨੀ ਰਾਮ ਸਰਪੰਚ ਝਾਡੀਆਂ, ਜਸਵੰਤ ਸਿੰਘ ਸਰਪੰਚ ਨੰਗ, ਗੁਰਵਿੰਦਰ ਸਿੰਘ ਗਿੰਦੀ, ਡਾ. ਬਖਸ਼ੀਸ਼ ਚੰਦ ਮਾਧੋਪੁਰ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀ ਸ਼ਾਮਲ ਸਨ।

ਵੈਲੇਨ-ਟਾਈਨ-ਡੇ ਮਨਾਉਣਾ ਸਾਡੇ ਲਈ ਜ਼ਰੂਰੀ ਨਹੀਂ-ਅਨਮੋਲ

ਫਿਰੋਜ਼ਪੁਰ, 13 ਫਰਵਰੀ (ਮਨੋਹਰ ਲਾਲ, ਸੀਮਾ ਠਾਕੁਰ)-ਪੀਪਲਜ਼ ਪੀਸ ਪਰੋਟੈਕਸ਼ਨ ਪਾਰਟੀ ਦੇ ਮੋਢੀ ਸ੍ਰ. ਬਲਬੀਰ ਸਿੰਘ ਅਨਮੋਲ ਨੇ ਵੈਲੇਨ-ਟਾਈਮ-ਡੇ ਦੇ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਹੋਇਆ ਕਿਹਾ ਕਿ ਮੁਗਲਾਂ ਅਤੇ ਅੰਗਰੇਜ਼ਾਂ ਦੀ ਕਈ ਸਦੀਆਂ ਭੋਗੀ ਗਈ ਗੁਲਾਮੀ ਕਾਰਨ ਸ਼ਾਇਦ ਭਾਰਤ ਵਾਸੀਆਂ ਦੀ ਮਾਨਸਿਕਤਾ ਵੀ ਹੁਣ ਪੂਰੀ ਤਰ੍ਹਾਂ ਗੁਲਾਮੀ ਕਬੂਲ ਕਰ ਚੁੱਕੀ ਹੈ, ਜੇਕਰ ਅਸੀਂ ਅੰਗਰੇਜ਼ ਨੂੰ ਚੰਗੇ ਨਹੀਂ ਸੀ ਸਮਝਦੇ ਤਾਂ ਫੇਰ ਸਾਡੇ ਭਾਰਤੀ ਲੋਕ ਉਨ੍ਹਾਂ ਦੇ ਦੇਸ਼ਾਂ ਵਿੱਚ ਕਿਉਂ ਧੱਕੇ ਖਾਣ ਜਾਂਦੇ ਹਨ ਅਤੇ ਸਾਡੇ ਦੇਸ਼ 'ਤੇ ਪੱਛਮੀ ਸੱਭਿਅਤਾ ਸਾਡੇ ਲੋਕਾਂ 'ਤੇ ਕਿਉਂ ਹਾਵੀ ਹੋ ਚੁੱਕੀ ਹੈ। ਸ. ਅਨਮੋਲ ਨੇ ਅੱਗੇ ਕਿਹਾ ਕਿ ਅਬਾਦੀ ਦੀ ਅਨੁਪਾਤ ਮੁਤਾਬਿਕ ਸਾਡੀਆਂ ਸਰਦਾਰਾਂ ਰੁਜ਼ਗਾਰ ਦੇ ਮੁਨਾਸਿਬ ਮੌਕੇ ਪੈਦਾ ਨਹੀਂ ਕਰ ਸਕੀਆਂ।

ਕੁੱਲ ਬੇਰੁਜ਼ਗਾਰ ਨਸ਼ਿਆਂ ਵਿੱਚ ਗਰਕ ਹੋ ਰਹੇ ਨੇ ਤੇ ਕੁਝ ਅਮੀਰਾਂ ਦੇ ਮੁੰਡੇ ਰੁਜ਼ਗਾਰ ਦੀ ਤਲਾਸ਼ ਵਿੱਚ ਵਿਦੇਸ਼ਾਂ ਵਿੱਚ ਧੱਕੇ ਖਾ ਰਹੇ ਨੇ। ਸ੍ਰ. ਅਨਮੋਲ ਨੇ ਬੜੇ ਅਫਸੋਸ ਨਾਲ ਕਿਹਾ ਕਿ ਭਾਰਤ ਦੀ ਪਵਿੱਤਰ ਧਰਤੀ ਤੇ ਵੈਲੇਨ ਟਾਈਮ ਡੇ ਦਾ ਸ਼ੋਸ਼ਾ ਕਿਉਂ ਮਨਾਇਆ ਜਾਂਦਾ।

ਸੱਤ ਰੋਜ਼ਾ ਕੌਮੀ ਏਕਤਾ ਕੈਂਪ ਦਾ ਆਯੋਜਨ

ਕਪੂਰਥਲਾ, 13 ਫਰਵਰੀ (ਵਧਵਾ)-ਨਹਿਰੂ ਯੁਵਾ ਕੇਂਦਰ ਕਪੂਰਥਲਾ ਯੁਵਾ ਮਾਮਲੇ ਤੇ ਖੇਡ ਮੰਤਰਾਲਾ ਭਾਰਤ ਸਰਕਾਰ ਵੱਲੋਂ ਦੇਸ਼ ਦੀ ਬਹੁ-ਜਨ ਸੰਖਿਆ ਜੋ ਕਿ ਨੌਜਵਾਨ ਹਨ। ਉਨ੍ਹਾਂ ਵਿੱਚ ਰਾਸ਼ਟਰੀ ਏਕਤਾ ਅਤੇ ਆਪਸੀ ਸਦਭਾਵ ਦੀ ਭਾਵਨਾ ਨੂੰ ਮਜਬੂਤ ਕਰਨ ਦੇ ਉਦੇਸ਼ ਨਾਲ ਇੱਕ ਸੱਤ ਰੋਜ਼ਾ ਕੌਮੀ ਏਕਤਾ ਕੈਂਪ ਵਿਰਸਾ ਵਿਹਾਰ ਕਪੂਰਥਲਾ ਵਿਖੇ ਆਯੋਜਿਤ ਕੀਤਾ ਗਿਆ। ਇਸ ਕੌਮੀ ਏਕਤਾ ਕੈਂਪ ਦਾ ਉਦਘਾਟਨ ਬੀਤੇ ਦਿਨੀਂ ਸ੍ਰੀ ਰਾਜ ਕਮਲ ਚੌਧਰੀ ਡਿਪਟੀ ਕਮਿਸ਼ਨਰ ਅਤੇ ਚੇਅਰਮੈਨ ਜ਼ਿਲ੍ਹਾ ਸਲਾਹਕਾਰ ਕਮੇਟੀ ਯੂਥ ਪ੍ਰੋਗਰਾਮ ਦੇ ਸ਼ਮ੍ਹਾ ਰੋਸ਼ਨ ਕਰਕੇ ਕੀਤਾ। ਸ੍ਰੀ ਰਾਜ ਕਮਲ ਚੌਧਰੀ ਡਿਪਟੀ ਕਮਿਸ਼ਨਰ ਨੇ ਇਸ ਰਾਸ਼ਟਰੀ ਏਕਤਾ ਕੈਂਪ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਨੌਜਵਾਨ ਸਾਡੇ ਦੇਸ਼ ਦੀ ਰੀੜ ਦੀ ਹੱਡੀ ਹਨ। ਦੇਸ਼ ਵਿੱਚ ਨੌਜਵਾਨਾਂ ਦੀ ਹੀ ਬਹੁ-ਗਿਣਤੀ ਹੈ, ਜੋ ਕਿ ਦੇਸ਼ ਦੀ ਅਬਾਦੀ ਦਾ 40 ਫੀਸਦੀ ਹੈ। ਇਸੇ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਸਰਕਾਰ ਵੱਲੋਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਕਿ ਦੇਸ਼ ਦੀ ਰਾਸ਼ਟਰੀ ਏਕਤਾ ਤੇ ਅਖੰਡਤਾ ਨੂੰ ਮਜਬੂਤ ਕਰਨ ਦੇ ਲਈ ਇਸੇ ਨੌਜਵਾਨ ਵਰਗ ਨੂੰ ਲਾਮਬੰਦ ਕਰਕੇ ਅਤੇ ਰਚਨਾਤਮਿਕ ਦਿਸ਼ਾ ਦੇ ਕੇ ਆਧੁਨਿਕ ਭਾਰਤ ਦੇ ਨਵ-ਨਿਰਮਾਣ ਵਿੱਚ ਲਗਾਉਣਾ ਹੈ। 13 ਫਰਵਰੀ ਨੂੰ ਵਿਰਸਾ ਵਿਹਾਰ ਵਿਖੇ ਆਪਸੀ ਸਦਭਾਵਨਾ ਸੰਮੇਲਨ ਕਰਵਾਇਆ ਜਾਵੇਗਾ ਤੇ ਸ਼ਹਿਰ ਵਿੱਚ ਸਭਾਵਨਾ ਮਾਰਚ ਕੀਤਾ ਜਾਵੇਗਾ, ਜਿਸ ਦੀ ਆਵਮੀ ਡਾ. ਰਤਨ ਸਿੰਘ ਅਜਨਾਲਾ ਮੈਂਬਰ ਪਾਰਲੀਮੈਂਟ ਕਰਨਗੇ। 14 ਫਰਵਰੀ ਨੂੰ ਇਨ੍ਹਾਂ ਯੁਵਕਾਂ ਨੂੰ ਜਲਿਆਂਵਾਲਾ ਬਾਗ, ਸ੍ਰੀ ਹਰਿਮੰਦਰ ਸਾਹਿਬ ਅਤੇ ਵਾਹਗਾ ਬਾਰਡਰ ਦੀ ਯਾਤਰਾ ਕਰਵਾਈ ਜਾਵੇਗੀ। 15 ਫਰਵਰੀ ਨੂੰ ਪਿੰਡ ਢਿਲਵਾਂ ਵਿਖੇ ਸ਼ਰਮਦਾਨ ਕੈਂਪ ਲਗਾਇਆ ਜਾਵੇਗਾ ਅਤੇ 16 ਫਰਵਰੀ ਨੂੰ ਨਾਗਾਲੈਂਡ ਦੇ ਨੌਜਵਾਨਾਂ ਵੱਲੋਂ ਰੋਕ ਸ਼ੋਅ ਪੇਸ਼ ਕੀਤਾ ਜਾਵੇਗਾ। ਇਹ ਕੈਂਪ 17 ਫਰਵਰੀ ਨੂੰ ਸਮਾਪਤ ਹੋਵੇਗਾ।

ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ-ਚੌਧਰੀ ਦੌਲਤ ਸਿੰਘ

ਨੂਰਪੁਰ ਬੇਦੀ, 13 ਫਰਵਰੀ (ਬਲਵਿੰਦਰ ਰੈਤ)-ਦਸਮੇਸ਼ ਸਪੋਰਟਸ ਕਲੱਬ ਕਰਤਾਰਪੁਰ ਵੱਲੋਂ ਪਿੰਡ ਕਰਤਾਰਪੁਰ ਵਿਖੇ ਅਯੋਜਿਤ ਕਰਵਾਇਆ ਜਾ ਰਿਹਾ ਪੰਜ ਰੋਜ਼ਾ 16ਵਾਂ ਕ੍ਰਿਕੇਟ ਟੂਰਨਾਮੈਂਟ ਅੱਜ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋ ਗਿਆ। ਇਸ ਟੂਰਨਾਮੈਂਟ ਵਿੱਚ ਵੱਖ-ਵੱਖ ਖਿੱਤਿਆਂ ਤੋਂ ਪਹੁੰਚੀਆਂ ਕਰੀਬ 40 ਤੋਂ ਵੀ ਵਧ ਟੀਮਾਂ ਦੇ ਖਿਡਾਰੀਆਂ ਨੇ ਭਾਗ ਲਿਆ। ਅੱਜ ਅੰਤਿਮ ਦਿਨ ਇਨਾਮ ਵੰਡ ਸਮਾਗਮ ਵਿੱਚ ਸੀਨੀਅਰ ਅਕਾਲੀ ਨੇਤਾ ਤੇ ਬਾਰ ਐਸੋਸੀਏਸ਼ਨ ਬਲਾਚੌਰ ਦੇ ਪ੍ਰਧਾਨ ਐਡਵੋਕੇਟ ਚੌਧਰੀ ਦੌਲਤ ਸਿੰਘ ਚੱਬਰਵਾਲੇ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਸਮਾਪਤੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ ਤੇ ਜਿਸ ਤਹਿਤ ਜਲਦ ਨਵੀਂ ਕੇਡ ਨੀਤੀ ਲਾਗੂ ਕੀਤੀ ਜਾ ਰਹੀ ਹੈ । ਉਨ੍ਹਾਂ ਕਲੱਬ ਵੱਲੋਂ ਬੀਤੇ 16 ਸਾਲਾਂ ਤੋਂ ਕਰਵਾਏ ਜਾ ਰਹੇ ਖੇਡ ਮੇਲਿਆਂ ਦੀ ਸ਼ਲਾਘਾ ਕੀਤੀ ਅਤੇ 5100 ਰੁਪਏ ਦੀ ਨਕਦ ਰਾਸ਼ੀ ਪ੍ਰਬੰਧਕਾਂ ਨੂੰ ਸਹਿਯੋਗ ਵਜੋਂ ਪ੍ਰਧਾਨ ਕੀਤੇ। ਇਸ ਕਲੱਬ ਦੇ ਪ੍ਰਧਾਨ ਵਿੰਦਰ ਕੁਮਾਰ ਤੇ ਮਾਰਕੀਟ ਕਮੇਟੀ ਦੇ ਮੈਂਬਰ ਚੌਧਰੀ ਮਹਿੰਦਰਪਾਲ ਭੂੰਬਲਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਸਨਮਾਨ ਕੀਤਾ। ਅੱਜ ਮੇਜ਼ਬਾਨ ਕਰਤਾਰਪੁਰ ਦੇ ਜੋਖਿਆਲ ਦੀ ਟੀਮ 'ਚ ਹੋਏ ਮੁਕਾਬਲੇ ਵਿੱਚ ਕਰਤਾਰਪੁਰ ਟੀਮ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 4 ਵਿਕਟਾਂ ਦੇ 135 ਦੌੜਾਂ ਬਣਾਈਆਂ, ਜਦਕਿ ਜਖਿਆਲ ਟੀਮ ਕੇਵਲ 118 ਦੌੜਾਂ ਬਣਾ ਸਕੀ ਤੇ 17 ਦੌੜਾਂ ਨਾਲ ਮੁਕਾਬਲਾ ਹਾਰ ਗਈ। ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਖਿਡਾਰੀ ਵਿੰਦਰ ਭੂੰਬਲਾਂ ਨੂੰ 'ਮੈਨ ਆਫ ਦੀ ਮੈਚ" ਅਤੇ ਅਸ਼ਵਨੀ ਚੌਹਾਨ ਨੂੰ 'ਮੈਨ ਆਫ ਦੀ ਸੀਰੀਜ਼' ਖਿਤਾਬ ਨਾਲ ਨਿਵਾਜਿਆ ਗਿਆ, ਜਦ ਕਿ ਸ਼ਮਸ਼ੇਰ ਭੂੰਬਲਾ ਨੂੰ ਵੈੱਸਟ ਗੇਂਦਬਾਜ਼ ਚੁਣਿਆ ਗਿਆ। ਅੰਤ ਵਿੱਚ ਮੁੱਖ ਮਹਿਮਾਨ ਚੌਧਰੀ ਦੌਲਤ ਸਿੰਘ ਨੇ ਕਲੱਬ ਦੀ ਤਰਫੋਂ ਵਿਜੇਤਾ ਟੀਮ ਨੂੰ 5100 ਰੁਪਏ ਤੇ ਉਪ ਵਿਜੇਤਾ ਟੀਮ ਨੂੰ 4100 ਰੁਪਏ ਦੀ ਰਾਸ਼ੀ ਤੇ ਟਰਾਫੀਆਂ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ। ਇਨਾਮ ਵੰਡ ਸਮਾਗਮ ਦੌਰਾਨ ਸ਼੍ਰੋਮਣੀ ਯੂਥ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਚੌਧਰੀ ਹੁਸਨ ਲਾਲ ਚੌਹਾਨ, ਚੌਧਰੀ ਮਹਿੰਦਰਪਾਲ ਭੂੰਬਲਾ, ਰੋਸ਼ਨ ਲਾਲ ਟੇਡੇਵਾਲ, ਪ੍ਰਧਾਨ ਵਿੰਦਰ ਭੂੰਬਲਾ, ਰਾਮ ਪਾਲ ਬਜਾੜ, ਹਵਾਲਦਾਰ ਅਸ਼ਵਨੀ ਕੁਮਾਰ, ਕਰਮ ਚੰਦ ਭਾਟੀਆ, ਵਿਨੋਦ ਭੂੰਬਲਾ, ਸ਼ਿੰਦਰਪਾਲ ਟੇਡੇਵਾਲ, ਸਾਬਕਾ ਸਰਪੰਚ ਮਹਿੰਦਰਪਾਲ ਮਨਕੋਟੀ, ਡਾ. ਪ੍ਰੇਮ ਸਿੰਘ ਮਵਾ ਆਦਿ ਪ੍ਰਮੁੱਖ ਰੂਪ ਵਿੱਚ ਹਾਜ਼ਰ ਸਨ।

ਬਾਲ ਠਾਕਰੇ ਤੇ ਦੇਸ਼ ਧਰੋਹੀ ਦਾ ਮਾਮਲਾ ਦਰਜ ਹੋਵੇ-ਮੱਲ੍ਹੀ

ਸੰਗਰੂਰ, 13 ਫਰਵਰੀ (ਛਾਜਲੀ)-ਨੈਸ਼ਨਲ ਸਟੂਡੈਂਟਸ ਆਰਗੇਨਾਈਜੇਸ਼ਨ ਜ਼ਿਲ੍ਹਾ ਸੰਗਰੂਰ ਵੱਲੋਂ ਸਾਬਕਾ ਵਿਧਾਇਕ ਅਰਵਿੰਦ ਖੰਨਾ ਦੇ ਦਿਸ਼ਾ-ਨਿਰਦੇਸ਼ਾ ਤਹਿਤ ਬਲਜਿੰਦਰ ਸਿੰਘ ਮੱਲ੍ਹੀ ਦੀ ਅਗਵਾਈ ਹੇਠਾ ਸ਼ਿਵ ਸੈਨਾ ਪ੍ਰਮੁੱਖ ਬਾਲ ਠਾਕਰੇ ਦਾ ਪੁਤਲਾ ਫੂਕਿਆ ਗਿਆ ਅਤੇ ਬਾਲ ਠਾਕਰੇ ਦੇ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਸ੍ਰ. ਮੱਲ੍ਹੀ ਨੇ ਕਿਹਾ ਕਿ ਬਾਲ ਠਾਕਰੇ ਵੱਲੋਂ ਪਿਛਲੇ ਕਾਫੀ ਦਿਨਾਂ ਤੋਂ ਕਾਂਗਰਸ ਦੇ ਜਨਰਲ ਸਕੱਤਰ ਅਤੇ ਐੱਮ.ਪੀ. ਰਾਹੁਲ ਗਾਂਧੀ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਖਿਲਾਫ ਭੜਕਾਊ ਬਿਆਨਬਾਜ਼ੀ ਅਤੇ ਭੱਦੀ ਸ਼ਬਦਾਵਲੀ ਇਸਤੇਮਾਲ ਕੀਤੀ ਜਾ ਰਹੀ ਹੈ। ਠਾਕਰੇ ਮਰਾਫੀ ਮਾਨੁਸ ਦਾ ਰਾਗ ਛੇੜ ਕੇ ਦੇਸ਼ ਨੂੰ ਵੰਡਣ ਲੱਗ ਪਏ ਹਨ, ਜਿਸ ਨੇ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਠਾਕਰੇ ਤੇ ਭੜਕਾਊ ਬਿਆਨਬਾਜ਼ੀ ਦੇਣ ਅਤੇ ਦੇਸ਼ ਨੂੰ ਦੋ ਵਰਗ ਵਿੱਚ ਵੰਡਣ ਦੇ ਦੋਸ਼ਾਂ ਤਹਿਤ ਦੇਸ਼ ਲੋਕਾਂ ਦਾ ਮਾਮਲਾ ਦਰਜ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਜ਼ਹਿਰ ਉਗਾਲਣ ਵਾਲੀ ਉਸ ਦੇ ਅਖਬਾਰ 'ਸਾਮਨਾ' 'ਤੇ ਵੀ ਪਾਬੰਦੀ ਲੱਗਣੀ ਚਾਹੀਦੀ ਹੈ। ਇਸ ਮੌਕੇ ਰਣਬੀਰ ਕਾਲਜ ਸੰਗਰੂਰ ਦੇ ਪ੍ਰਧਾਨ ਹਰਮਨਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਧੂਰੀ ਸੀਨੀਅਰ ਕਾਂਗਰਸੀ ਆਗੂ ਅਵਤਾਰ ਸਿੰਘ, ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ।

ਲੜਕੇ ਦੀ ਲਾਸ਼ ਬਰਾਮਦ

ਬੁਢਲਾਡਾ, 13 ਫਰਵਰੀ (ਦਵਿੰਦਰ ਸਿੰਘ ਕੋਹਲੀ)-ਬੁਢਲਾਡਾ ਸ਼ਹਿਰ ਵਿੱਚ ਐੱਚ.ਡੀ.ਐੱਫ.ਸੀ. ਬੈਂਕ ਦੇ ਨੇੜੇ ਅਮਰਜੀਤ ਸਿੰਘ ਪੁੱਤਰ ਪ੍ਰੀਤਮ ਬੋੜਵਾਲ ਦੀ ਲਾਸ਼ ਬਰਾਮਦ ਹੋਈ। ਪੁਲਿਸ ਦੇ ਦੱਸਣ ਅਨੁਸਾਰ ਮ੍ਰਿਤਕ ਨਸ਼ੇ ਕਰਨ ਦਾ ਆਦੀ ਸੀ। ਨਸ਼ਾ ਲੋੜ ਤੋਂ ਵੱਧ ਕਰਨ ਨਾਲ ਠੰਢ ਨਾ ਸਹਾਰਦਾ ਹੋਇਆ, ਦਮ ਤੋੜ ਗਿਆ। ਪੁਲਿਸ ਨੇ ਧਾਰਾ 174 ਅਧੀਨ ਕਾਰਵਾਈ ਕਰਕੇ ਲਾਸ਼ ਪਰਿਵਾਰ ਵਾਲਿਆਂ ਨੂੰ ਸੌਂਪ ਦਿੱਤੀ ਹੈ।

ਮਹਿੰਗਾਈ ਰੋਕਣ ਦਾ ਯਤਨ ਕਰੇ ਕੇਂਦਰ ਸਕਾਰ -ਭੂੰਦੜ

ਝੁਨੀਰ, 13 ਫਰਵਰੀ (ਗੁਰਵਿੰਦਰ ਭੋਲਾ)-ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਦੇਸ਼ ਵਿੱਚ ਮਹਿੰਗਾਈ ਦਾ ਅਥਾਹ ਵਾਧਾ ਹੋ ਰਿਹਾ ਹੈ। ਗਰੀਬ ਲੋਕਾਂ ਲਈ ਦੋ ਟਾਈਮ ਦੀ ਰੋਟੀ ਖਾਣੀ ਵੀ ਦੁੱਭਰ ਹੋ ਰਹੀ ਹੈ ਅਤੇ ਅਮੀਰ ਲੋਕ ਦਿਨੋਂ-ਦਿਨ ਅਮੀਰ ਹੋ ਰਹੇ ਹਨ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਮੰਤਰੀ ਪੰਜਾਬ ਤੇ ਅਕਾਲੀ ਦਲ ਬਾਦਲ ਦੇ ਜਨਰਲ ਸਕੱਤਰ ਮਾ. ਬਲਵਿੰਦਰ ਭੂੰਦੜ ਨੇ ਝੁਨੀਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੀਆਂ । ਮਾ. ਭੂੰਦੜ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਮੰਤਰੀ ਵੱਲੋਂ ਭਵਿੱਖ ਬਾਣੀ ਕਰ ਕੇ ਖੰਡ ਅਤੇ ਰੋਜ਼ਾਨਾ ਦੀ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਦੇ ਭਾਅ 'ਚ ਵਾਧਾ ਕਰਾ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਮਹਿੰਗਾਈ ਨੂੰ ਨੱਥ ਪਾਉਣ ਲਈ ਕੋਈ ਯੋਗ ਉਪਰਾਲਾ ਕਰੇ। ਇਸ ਮੌਕੇ ਯੂਥ ਅਕਾਲੀ ਦਲ ਬੋਹੜ ਸਿੰਘ ਸਿੱਧੂ ਤਰਸੇਮ ਚੰਦ ਭੋਲੀ, ਗੁਰਸੇਵਕ ਸਰਪੰਚ ਝੁਨੀਰ ਆਦਿ ਹਾਜ਼ਰ ਸਨ।

ਦੁਕਾਨਦਾਰਾਂ ਦੀ ਮੀਟਿੰਗ ਹੋਈ

ਸੰਗਰੂਰ, 13 ਫਰਵਰੀ (ਛਾਜਲੀ)-ਸੰਗਰੂਰ ਸ਼ਹਿਰ ਦੇ ਦੁਕਾਨਦਾਰਾਂ ਦੀ ਇੱਕ ਮੀਟਿੰਗ ਸਥਾਨਕ ਮਨਸਾ ਦੇਵੀ ਮੰਦਿਰ ਵਿੱਚ ਹੋਈ, ਮੀਟਿੰਗ ਵਿੱਚ ਕਿਤਾਬਾਂ ਕਾਪੀਆਂ ਅਤੇ ਸਟੇਸ਼ਨਰੀ ਵੇਚਣ ਵਾਲੇ ਦੁਕਾਨਦਾਰਾਂ ਨੇ ਹਿੱਸਾ ਲਿਆ। ਦੁਕਾਨਦਾਰਾਂ ਨੇ ਪ੍ਰਾਈਵੇਟ ਸਕੂਲਾਂ ਵਿੱਚ ਵੇਚੀਆਂ ਜਾ ਰਹੀਆਂ ਕਾਪੀਆਂ ਕਿਤਾਬਾਂ ਵੇਚਣ ਦੀ ਨਿਖੇਧੀ ਕਰਦਿਆਂ ਸਰਕਾਰ ਤੋਂ ਇਹ ਬੰਦ ਕਰਵਾਉਣ ਦੀ ਮੰਗ ਕੀਤੀ।

ਬੱਚਿਆਂ ਨੂੰ ਜਾਗਰੂਕ ਕੀਤਾ

ਝੁਨੀਰ, 13 ਫਰਵਰੀ (ਗੁਰਵਿੰਦਰ ਭੋਲਾ)-ਜ਼ਿਲ੍ਹਾ ਮਾਨਸਾ ਦੇ ਐੱਸ.ਐੱਸ.ਪੀ. ਵੱਲੋਂ ਨਸ਼ਿਆਂ ਦੀ ਰੋਕਥਾਮ ਲਈ ਚਲਾਈ ਵਿਸ਼ੇਸ਼ ਮੁਹਿੰਮ ਦੌਰਾਨ ਲਗਾਤਾਰ ਸਮਾਜ ਵਿਰੋਧੀ ਅਨਸਰ ਨੂੰ ਕਾਬੂ ਕੀਤਾ ਜਾ ਰਿਹਾ ਹੈ ਤਾਂ ਜੋ ਅੱਜ ਦੇ ਬੱਚੇ ਇਨ੍ਹਾਂ ਨਸ਼ਿਆਂ ਤੋਂ ਦੂਰ ਰਹਿਣ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਤੇ ਪੈਸਾ ਨਾਲ ਗੱਲਬਾਤ ਕਰਦਿਆਂ ਥਾਣਾ ਮੁਖੀ ਦਲਵੀਰ ਸਿੰਘ ਨੇ ਕਿਹਾ ਕਿ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪੁਲਿਸ ਵੱਲੋਂ ਨਸ਼ਾ ਵਿਰੋਧੀ ਜਾਗਰੂਕ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ ਗਈ ਹੈ। ਬੱਚਿਆਂ ਨੂੰ ਨਸ਼ਿਆਂ ਦੇ ਬੁਰੇ ਅਸਰਾਂ ਬਾਬਤ ਲੈਕਚਰਾਂ ਰਾਹੀਂ ਸਮਝਾਉਣਗੇ।

ਨਿਯੁਕਤੀ 'ਤੇ ਖੁਸ਼ੀ ਪ੍ਰਗਟ

ਮਹਿਲ ਕਲਾਂ, 13 ਫਰਵਰੀ (ਬਲਵਿੰਦਰ ਸਿੰਘ ਵਜੀਦਕੇ)-ਯੂਥ ਅਕਾਲੀ ਦਲ ਦੇ ਕੌਮੀ ਆਗੂ ਚਰਨਜੀਤ ਸਿੰਘ ਛੀਨੀਵਾਲ, ਸਰਪੰਚ ਰੁਪਿੰਦਰ ਸਿੰਘ ਬੀਹਲਾ, ਗੁਰਮੀਤ ਸਿੰਘ ਪੰਧੇਰ , ਸਰਪੰਚ ਮੂੰਮ, ਸਮਾਜ ਸੇਵਕ ਨਛੱਤਰ ਸਿੰਘ ਪੰਚ ਸੱਦੋਵਾਲ ਅਕਾਲੀ ਆਗੂ ਬਲਵਿੰਦਰ ਸਿੰਘ ਸੱਦੋਵਾਲ, ਯੂਥ ਆਗੂ ਹਰਦੇਵ ਸਿੰਘ ਛੀਨੀਵਾਲ, ਜਥੇਦਾਰ ਗੁਰਦੇਵ ਸਿੰਘ ਸਿੱਧੂ, ਗੁਰਮੇਲ ਸਿੰਘ ਸੱਦੋਵਾਲ, ਸੁਰਜੀਤ ਸਿੰਘ ਠੀਕਰੀਵਾਲਾ, ਹਰਭਜਨ ਸਿੰਘ ਕਲਾਲਾ, ਬਲਰਾਜ ਸਿੰਘ ਰਾਜਾ ਗਹਿਲ, ਦਰਸ਼ਨ ਸਿੰਘ ਸੈਕਟਰੀ, ਪੰਚ ਮੇਜਰ ਸਿੰਘ ਛੀਨੀਵਾਲ, ਲਖਵੀਰ ਸਿੰਘ ਦੀਵਾਨਾ, ਬਲਦੇਵ ਸਿੰਘ ਛੀਨੀਵਾਲ, ਦਰਸ਼ਨ ਸਿੰਘ ਕੌੜਾ ਗਹਿਰ, ਪੰਚ ਸਤਨਾਮ ਸਿੰਘ ਸੋਹੀਆ, ਸੁਰਿੰਦਰ ਸਿੰਘ ਟੈਂਟ ਵਾਲੇ ਸੱਦੋਵਾਲ, ਜੰਗ ਸਿੰਘ ਸੈਕਟਰੀ ਦੀਵਾਨੇ, ਡਾ. ਖੜਕ ਸਿੰਘ ਮੂੰਮ, ਪੰਚ ਬੂਟਾ ਮੂੰਮ, ਗੁਰਮੀਤ ਸਿੰਘ ਬੀਹਲਾ, ਗੁਰਜੰਟ ਸਿੰਘ ਰਾਮਗੜ੍ਹ, ਨਿਰਮਲ ਸਿੰਘ ਬੀਹਲਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਕੌਂਸਲ ਮੈਂਬਰ ਸ੍ਰ. ਭੋਲਾ ਸਿੰਘ ਵਿਰਕ ਨੂੰ ਮਰਕੀਟ ਕਮੇਟੀ ਭਦੌੜ ਦਾ ਚੇਅਰਮੈਨ ਨਿਯੁਕਤ ਕੀਤੇ ਜਾਣ 'ਤੇ ਪਾਰਟੀ ਦੇ ਸਕੱਤਰ ਜਨਰਲ ਸ੍ਰ. ਸੁਖਦੇਵ ਸਿੰਘ ਢੀਂਡਸਾ ਸਾਬਕਾ ਕੇਂਦਰੀ ਮੰਤਰੀ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਸ੍ਰ. ਵਿਰਕ ਨੂੰ ਵਧਾਈਆਂ ਭੇਜੀਆਂ ਹਨ। ਉਨ੍ਹਾਂ ਕਿਹਾ ਕਿ ਇਹ ਸਾਰੇ ਇੱਕ-ਜੁੱਟ ਹੋ ਕੇ ਪਾਰਟੀ ਦਾ ਘੇਰਾ ਹੋਰ ਵਿਸ਼ਾਲ ਕਰਨ ਲਈ ਸ੍ਰ. ਵਿਰਕ ਦੀ ਅਗਵਾਈ ਹਮੇਸ਼ਾ ਤੱਤਪਰ ਰਹਿਣਗੇ।

ਸ਼ਿਵਰਾਤਰੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

ਭਦੌੜ, 13 ਫਰਵਰੀ (ਰਾਕੇਸ਼ ਗਰਗ ਰੌਕੀ, ਸੁਰਿੰਦਰ ਬੱਤਾ)-ਸਥਾਨਕ ਕਸਬੇ ਦੇ ਇਤਿਹਾਸਕ ਗਿਆਰਾਂ ਰੁਦਰ ਸ਼ਿਵ ਮੰਦਰ ਪੱਥਰਾਂ ਵਾਲੀ ਵਿਖੇ ਸ਼ਿਵਰਾਤਰੀ ਮੇਲਾ ਧੂਮਧਾਮ ਨਾਲ ਮਨਾਇਆ ਗਿਆ। ਸ਼ਿਵਰਾਤਰੀ ਮੇਲੇ 'ਤੇ ਹਜ਼ਾਰਾਂ ਸੰਗਤਾਂ ਨੇ ਪੁੱਜ ਕੇ ਆਪਣਾ ਜੀਵਨ ਸਫਲ ਕੀਤਾ। ਸ਼ਿਵ ਭਗਤਾਂ ਦਾ ਜਲ ਚੜ੍ਹਾਉਣ ਲਈ ਸਵੇਰੇ ਤੋਂ ਹੀ ਤਾਂਤਾ ਲੱਗ ਗਿਆ। ਸ਼ਾਮ ਤੱਕ ਸ਼ਿਵ ਭਗਤ ਹਜ਼ਾਰਾਂ ਦੀ ਗਿਣਤੀ ਵਿੱਚ ਜਲ ਚੜ੍ਹਾ ਕੇ ਸ਼ਿਵ ਅਰਾਧਨਾ ਕਰਦੇ ਰਹੇ। ਸੰਗਤਾਂ ਲਈ ਚਾਹ, ਪਕੌੜੇ, ਜਲੇਬੀਆਂ, ਟਿੱਕੀ, ਪੂੜੀਆਂ ਦੇ ਲੰਗਰ ਲਗਾਏ ਗਏ, ਇਸ ਮੇਲੇ ਨੂੰ ਸਫਲ ਬਣਾਉਣ ਲਈ ਸ਼ਿਵ ਮੰਦਰ ਕਮੇਟੀ (ਰਜਿ.) ਪੱਥਰਾਵਾਲੀ ਦੇ ਪ੍ਰਧਾਨ ਸਰੂਪ ਚੰਦ ਸਿੰਗਲਾ, ਜਗਸੀਰ ਚੰਦ, ਰਾਮ ਗੋਪਾਲ ਕੌਂਸਲ, ਸੁਰਿੰਦਰ ਕੁਮਾਰ, ਪਵਨ ਪੱਪੂ, ਬਿੱਟਾ ਸ਼ਰਮਾ, ਬੱਤਾ ਆਦਿ ਮੈਂਬਰਾਂ ਤੋਂ ਇਲਾਵਾ ਸਮੁੱਚੀ ਕਮੇਟੀ ਨੇ ਸੇਵਾ ਭਾਵਨਾ ਨਾਲ ਕੰਮ ਕੀਤਾ। ਹਰਿਦੁਆਰ ਤੋਂ ਜਲ ਲਿਆ ਕੇ ਕਾਂਵੜੀਆ ਜਥੇ ਨੇ ਗੰਗਾ ਜਲ ਸ਼ਿਵ ਭੋਲੇ ਦੇ ਅਰਪਿਤ ਕੀਤਾ। ਇਸੇ ਤਰ੍ਹਾਂ ਇਤਿਹਾਸਕ ਸ਼ਿਵ ਮੰਦਿਰ ਬਾਗਵਾਲਾ ਭਦੌੜ ਵਿਖੇ ਵੀ ਤਰੌਦਸ਼ੀ ਮੇਲਾ ਵੈੱਲਫੇਅਰ ਕਮੇਟੀ (ਰਜਿ.) ਵੱਲੋਂ ਪੂਰੀ ਧੂਮ-ਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਹਜ਼ਾਰਾਂ ਦੀ ਤਦਾਦ ਵਿੱਚ ਸੰਗਤਾਂ ਨੇ ਪੁੱਜ ਕੇ ਸ਼ਿਵ ਭੋਲੇ ਦਾਂ ਗੁਣਗਾਨ ਕੀਤਾ। ਕਮੇਟੀ ਵੱਲੋਂ ਸੰਗਤਾਂ ਲਈ ਫਰੂਟ-ਚਾਟ, ਗਰਮ ਪਕੌੜੇ, ਚਾਹ, ਰੋਟੀ ਆਦਿ ਦਾ ਲੰਗਰ ਲਗਾਇਆ ਗਿਆ। ਕਮੇਟੀ ਦੇ ਪ੍ਰਧਾਨ ਰਾਜੇਸ਼ ਸ਼ੈਲੀ ਦੀ ਅਗਵਾਈ ਹੇਠ ਕਾਵੜੀਆ ਜਥਾ ਹਰਿਦੁਆਰਾਂ ਤੋਂ ਜਲ ਲੈ ਕੇ ਮੰਦਿਰ ਪੁੱਜਾ ਤਾਂ ਉਨ੍ਹਾਂ ਦਾ ਭਰਵਾਂ ਸੁਆਗਤ ਕੀਤਾ ਗਿਆ। ਇਸ ਮੇਲੇ ਨੂੰ ਸਫਲ ਬਣਾਉਣ ਲਈ ਤਰੌਦਸ਼ੀ ਕਮੇਟੀ ਦੇ ਮੀਤ ਪ੍ਰਧਾਨ ਧਰਮਿੰਦਰ ਕੁਮਾਰ ਮੱਖਣ, ਪ੍ਰਦੀਪ ਰਿੰਕਾ, ਕਾਕਾ ਸਰਾਫ, ਮਨੋਹਰ ਲਾਲ, ਚਰਨੀ ਸਰਾਫ, ਕ੍ਰਿਸ਼ਨ ਲਾਲ ਤਪੇ ਵਾਲੇ, ਵਿਵੇਕ ਵਿੱਕੀ, ਜੈਪਾਲ ਆਦਿ ਮੈਂਬਰਾਂ ਨੇ ਸੇਵਾ ਕੀਤੀ। ਅਖੀਰ ਕਮੇਟੀ ਦੇ ਮੀਤ ਪ੍ਰਧਾਨ ਧਰਮਿੰਦਰ ਕੁਮਾਰ ਮੱਖਣ ਨੇ ਇਲਾਕਾ ਨਿਵਾਸੀਆਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ।

ਭਾਰਤੀ ਕ੍ਰਿਕਟ ਦਾ ਦੱਖਣੀ ਅਫਰੀਕਾ ਨਾਲ ਕਲਕੱਤਾ 'ਚ ਭੇੜ ਅੱਜ ਤੋਂ

ਹੁਸ਼ਿਆਰਪੁਰ, 13 ਫਰਵਰੀ (ਕੁਲਦੀਪ ਸਿੰਘ ਪੱਟੀ)-ਭਾਰਤ ਦੀ ਕ੍ਰਿਕਟ ਟੀਮ ਜੋ ਕਿ ਦੱਖਣੀ ਅਫਰੀਕਾ ਤੋਂ ਨਾਗਪੁਰ ਟੈੱਸਟ ਮੈਚ ਘਰ ਦੇ ਮੈਦਾਨ ਵਿੱਚ ਹਾਰ ਕੇ ਨਮੋਸ਼ੀ ਭਰੀ ਚੁਣੌਤੀ ਦੇ ਦੌਰ ਵਿੱਚੋਂ ਗੁਜਰ ਰਹੀ ਹੈ। 14 ਤੋਂ 18 ਫਰਵਰੀ ਤੱਕ ਕਲਕੱਤਾ ਵਿਖੇ ਦੂਜਾ ਟੈਸਟ ਮੈਚ ਜਿੱਤਣ ਲਈ ਹਰ ਹੀਲਾ ਵਰਤੇਗੀ। ਭਾਰਤੀ ਕ੍ਰਿਕਟ ਟੀਮ ਨੇ ਕੁਝ ਖਿਡਾਰੀ ਬਦਲ ਕੇ ਹਨ ਤਾਂ ਕਿ ਕਲਕੱਤਾ ਮੈਚ ਜਿੱਤ ਕੇ ਬਰਾਬਰੀ ਵੱਲ ਕਦਮ ਵਧਾਏ ਜਾਣ। ਭਾਰਤੀ ਕ੍ਰਿਕਟ ਟੀਮ ਨੇ 3 ਇੱਕ ਦੂਜਾ ਮੈਚ ਵੀ ਦੱਖਣੀ ਅਫਰੀਕਾ ਨਾਲ ਖੇਡਣ ਹਨ। 21 ਫਰਵਰੀ ਜੈਪੁਰ, 24 ਫਰਵਰੀ ਕਾਨਪੁਰ ਤੇ 27 ਫਰਵਰੀ ਅਹਿਮਦਾਬਾਦ ਬਦਾਮ ਮੈਚ ਜਿੱਤਣ ਲਈ ਭਾਰਤ ਹਰ ਵਾਰ ਲਾਵੇਗਾ ਤਾਂ ਕਿ ਵਿਸ਼ਵ ਕ੍ਰਿਕਟ ਦਰਜਾਬੰਦੀ ਵਿੱਚ ਭਾਰਤ ਪਹਿਲੇ ਸਥਾਨ 'ਤੇ ਟਿਕ ਸਕੇ। ਇਹ ਵੱਕਾਰ ਕਾਇਮ ਰੱਖਣਾ ਖਾਲਾ ਜੀ ਦਾ ਵਾੜਾ ਨਹੀਂ ਜਾਪਦਾ।

ਲੋੜਵੰਦ ਲੜਕੀਆਂ ਦੇ ਵਿਆਹ ਲਈ ਮੱਦਦ

ਨੂਰਪੁਰ ਬੇਦੀ, 13 ਫਰਵਰੀ (ਪਰਮਜੀਤ ਅਬਿਆਣਾ)-ਸ਼ਿਵ ਮੰਦਰ ਸਰਥਲੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਿਵਰਾਤਰੀ ਤੋਂ ਇੱਕ ਦਿਨ ਪਹਿਲਾਂ ਗਿਆਰਾਂ ਗਰੀਬ ਕੁੜੀਆਂ ਦੇ ਵਿਆਹ ਕੀਤੇ ਗਏ। ਵਿਆਹ ਹਿੰਦੂ ਰੀਤੀ-ਰਿਵਾਜ਼ਾਂ ਮੁਤਾਬਕ ਹੋਏ। ਇਨ੍ਹਾਂ ਗਰੀਬ ਕੁੜੀਆਂ ਦੇ ਵਿਆਹ ਵਿੱਚ ਬਾਬਾ ਅਜੀਤ ਸਿੰਘ ਯੂਥ ਕਲੱਬ ਬਜਰੂੜ ਵੱਲੋਂ 2100 ਰੁਪਏ ਦਾ ਸਹਿਯੋਗ ਦਿੱਤਾ ਗਿਆ। ਇਹ ਕਲੱਬ ਇਸ ਭਲਾਈ ਦੇ ਕੰਮਾਂ ਲਈ ਸੁਲਾਉਣ-ਯੋਗ ਹੈ। ਹਰ ਸਾਲ ਕੁੜੀਆਂ ਦੀ ਲੋਹੜੀ ਮਨਾਉਣਾ, ਕਿਸੇ ਵੀ ਧਾਰਮਿਕ ਸਮਗਾਮ ਵਿੱਚ ਜੋੜਿਆ ਦੀ ਸੇਵਾ ਸੰਭਾਲਣਾ, ਨਸ਼ਿਆਂ ਤੋਂ ਮੁਕਤੀ ਕੈਂਪ ਲਗਾਉਣਾ ਇਸ ਕਲੱਬ ਦਾ ਮੇਨ ਮਹੱਤਵ ਹੈ। ਉਕਤ ਪ੍ਰਗਟਾਵਾ ਅੱਜ ਇੱਥੇ ਪ੍ਰੈੱਸ ਗੱਲਬਾਤ ਦੌਰਾਨ ਸ੍ਰ. ਰਾਜੀਵ ਕੁਮਾਰ ਸ਼ਰਮਾ ਨੇ ਕੀਤਾ। ਜਿਨ੍ਹਾਂ ਆਖਿਆ ਕਿ ਸਾਡਾ ਕਲੱਬ ਹਰ ਵੇਲੇ ਸਮਾਜ ਸੇਵੀ ਕੰਮਾਂ ਲਈ ਤਿਆਰ ਬਰ ਤਿਆਰ ਰਹਿੰਦਾ ਹੈ।

ਉਨ੍ਹਾਂ ਦੱਸਿਆ ਕਿ ਸਾਡੇ ਕਲੱਬ ਦਾ ਮੁੱਖ ਮੰਤਵ ਆਉਣ ਵਾਲੀ ਪੀੜ੍ਹੀ, ਜੋ ਵਗ ਰਹੇ ਛੇਵੇਂ ਦਰਿਆ ਨਸ਼ਿਆਂ ਦਾ ਸ਼ਿਕਾਰ ਹੋਈ ਜਾਂਦੀ ਹੈ, ਉਸ ਨੂੰ ਸਿੱਧੇ ਰਾਹ ਪਾਉਣਾ ਅਤੇ ਗਰੀਬਾਂ ਦੀ ਮੱਦਦ ਕਰਨਾ ਹੈ। ਇਸ ਮੌਕੇ ਰਾਜੀਵ ਕੁਮਾਰ ਸ਼ਰਮਾ ਕੈਸ਼ੀਅਰ ਤੋਂ ਇਲਾਵਾ ਸੁਰਿੰਦਰ ਸਿੰਘ ਹੈਪੀ ਪ੍ਰਧਾਨ, ਸੁਮਿਤ ਕੁਮਾਰ ਐਡਵੋਕੇਟ, ਪੰਡਿਤ ਸ਼ਸ਼ੀਕਾਂਤ ਸ਼ਰਮਾ, ਰਜੀਵ ਕੁਮਾਰ, ਸੁਭਾਸ਼ ਬੇਦੀ, ਸਮਸ਼ੇਰ ਸਿੰਘ, ਅਮਨ ਕੁਮਾਰ ਐਡਵੋਕੇਟ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਤਲਵੰਡੀ ਸਾਬੋ ਦੇ ਪਿੰਡ ਸੇਖੂਪੁਰਾ ਵਿਖੇ ਵਾਪਰੇ ਸੜਕੀ ਹਾਦਸੇ 'ਚ ਮ੍ਰਿਤਕ ਦੀ ਲਾਸ਼ ਨੂੰ ਬੰਨ੍ਹ ਕੇ ਲੈ ਜਾਂਦੇ ਹੋਏ ਅਤੇ ਨਾਲ ਹਾਦਸਾ ਗ੍ਰਸਤ ਸਕੂਟਰ। (ਤਸਵੀਰ ਤੇ ਵੇਰਵਾ : ਰਣਜੀਤ ਰਾਜੂ)

ਕਣਕ ਦੇ ਭਾਅ ਵਿੱਚ ਵਾਧਾ ਕਿਸਾਨਾਂ ਦੇ ਜ਼ਖਮਾਂ 'ਤੇ ਲੂਣ-ਰਾਜੇਵਾਲ

ਸੰਗਰੂਰ, 13 ਫਰਵਰੀ (ਛਾਜਲੀ)- ਸਥਾਨਕ ਸ਼ਹਿਰ ਵਿਖੇ ਕਣਕ ਦੇ ਪੂਰੇ ਭਾਅ ਦੀ ਮੰਗ ਨੇ ਲੈ ਕੇ 5 ਮਾਰਚ ਦੇ ਦਿੱਲੀ ਧਰਨੇ ਦੀ ਤਿਆਰੀ ਦੇ ਸੰਬੰਧ ਵਿੱਚ ਭਾਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸ੍ਰ. ਗੁਰਜੰਟ ਸਿੰਘ ਮੰਗਵਾਲ ਦੀ ਪ੍ਰਧਾਨਗੀ ਹੇਠ ਕਿਸਾਨਾਂ ਨੇ ਕਾਨਫਰੰਸ ਕੀਤੀ। ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰ. ਲਖਵਿੰਦਰ ਸਿੰਘ ਪੀਰ ਮੁਹੰਮਦ ਪ੍ਰਧਾਨ ਨੌਜਵਾਨ ਵਿੰਗ ਦੇ ਕਿਹਾ ਕਿ ਅੱਜ ਕਿਸਾਨ ਦੀ ਹਾਲਤ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪਤਲੀ ਹੋ ਗਈ ਹੈ। ਇੱਕ ਨੌਜਵਾਨ ਪੀ ਬੀ ਡੀ ਵਿਰਾਸਤ ਵਿੱਚ ਦਰਜੇ ਤੋਂ ਸਿਵਾ ਹੋਰ ਕੁਝ ਨਹੀਂ ਮਿਲਣਾ। ਸ੍ਰ. ਉਂਕਾਰ ਸਿੰਘ ਜਨਰਲ ਸਕੱਤਰ ਪੰਜਾਬ ਨੇ ਕਿਹਾ ਕਿ 1984 ਤੋਂ ਅਜੇ ਸਰਕਾਰ ਦੁਆਰਾ ਗਠਿਤ ਕਮੇਟੀਆਂ ਜਿਵੇਂ ਤਾਂ ਜੌਹਲ ਕਮੇਟੀ ਡਾ. ਘੁੰਮਣ ਕਮੇਟੀ, ਪੰਜਾਬ ਕਿਸਾਨ ਕਮਿਸ਼ਨ ਕੇਂਦਰ ਕੌਮੀ ਕਿਸਾਨ ਕਮਿਸ਼ਨ ਦੀਆਂ ਰਿਪੋਰਟਾਂ ਨੂੰ ਵੀ ਨਜ਼ਰ ਅੰਦਾਜ਼ ਕਰਦੇ ਹਮੇਸ਼ਾ ਕਿਸਾਨਾਂ ਨਾਲ ਧੋਖਾ ਕੀਤਾ ਹੈ। ਪੰਜਾਬ ਦੇ ਪ੍ਰਧਾਨ ਸ੍ਰ. ਬਲਬੀਰ ਸਿੰਘ ਰਾਜੇਵਾਲ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਕਣਕ ਵਿੱਚ 20 ਰੁਪਏ ਭਾਅ ਦਾ ਵਾਧਾ ਕਰਕੇ ਕਿਸਾਨਾਂ ਦੇ ਜ਼ਖਮਾਂ ਤੇ ਲੂਣ ਛਿੜਕ ਦਿੱਤਾ ਹੈ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੇਂਦਰ ਨੇ ਕਣਕ ਦਾ ਭਾਅ 2170 ਰੁਪਏ ਫੀਸਦੀ ਕੁਵਿੰਟਲ ਦਾ ਦਿੱਤਾ ਤਾਂ ਕਿਸਾਨ 5 ਮਾਰਚ ਨੂੰ ਦਿੱਲੀ ਜਾਮ ਕਰ ਦੇਣਗੇ। ਇਸ ਧਰਨੇ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਲਾਭ ਸਿੰਘ ਕੜੈਲ ਸਕੱਤਰ ਪੰਜਾਬ, ਸ੍ਰ. ਗੁਰਮੀਤ ਸਿੰਘ ਕਪਿਆਲ, ਨਰਿੰਜਣ ਸਿੰਘ ਦੇਹਲਾ, ਜੋਹਨ ਸਿੰਘ ਭੜੀ, ਪ੍ਰੀਤਮ ਸਿੰਘ ਬਡਰੁਖਾ, ਮੁਖਤਿਆਰ ਸਿੰਘ , ਹਰਚਰਨ ਸਿੰਘ, ਕਰਨੈਲ ਸਿੰਘ ਨੇ ਵੀ ਸੰਬੋਧਨ ਕੀਤਾ।

ਮਹਾਂ ਸ਼ਿਵਰਾਤਰੀ ਦੇ ਸਬੰਧ ਵਿੱਚ ਲੰਗਰ ਲਗਾਇਆ

ਨੰਗਲ 13 ਫਰਵਰੀ (ਗੁਰਵਿੰਦਰ ਸਿੰਘ ਜੰਡੀਰ, ਧਰਮਪਾਲ) ਹਿੰਦੂ ਧਰਮ ਦਾ ਮਹਾਂ ਪੂਰਬ ਮਹਾਂ ਸ਼ਿਵਰਾਰਤੀ ਵਾਲੇ ਦਿਨ ਜਿਥੇ ਭੋਲੇ ਸ਼ੰਕਰ ਨੂੰ ਮਨੰਣ ਵਾਲੇ ਭਗਤਜਨ ਵਰਤ ਰੱਖ ਕੇ ਭੋਲੇ ਸ਼ੰਕਰ ਪ੍ਰਤੀ ਆਪਣੀ ਸ਼ਰਧਾ ਭੇਂਟ ਕਰਦੇ ਹਨ। ਉਥੇ ਪ੍ਰੰਪਰਾ ਅਨੁਸਾਰ ਦੂਸਰੇ ਦਿਨ ਲੰਗਰ ਲਗਾ ਕੇ ਮਨੁੱਖਤਾ ਦੀ ਸੇਵਾ ਕੀਤੀ ਜਾਂਦੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਨਾਤਨ ਧਰਮ ਸਭਾ ਦੇ ਪ੍ਰਧਾਨ ਸ਼੍ਰੀ ਰਮੇਸ਼ ਗੁਲਾਟੀ ਨੇ ਪ੍ਰਗਟ ਕੀਤਾ ਅੱਜ ਸਨਾਤਨ ਧਰਮ ਸਭਾ ਵਲੋਂ ਮੰਦਰ ਦੇ ਖੁੱਲੇ ਮੈਦਾਨ ਵਿੱਚ ਲੰਗਰ ਲਗਾਇਆ ਗਿਆ ਨਾਲ ਹੀ ਇਸਤਰੀ ਸਤਸੰਗ ਵਲੋਂ ਭੋਲੇ ਸ਼ੰਕਰ ਦੇ ਗੁਣਗਾਨ ਕਰਕੇ ਆਪਣੀ ਹਾਜ਼ਰੀ ਲਗਾਈ ਗਈ। ਇਸ ਸਮੇਂ ਸਭਾ ਦੇ ਜਨਰਲ ਸਕੱਤਰ ਸ੍ਰੀ ਸੰਦੀਪ ਸ਼ਰਮਾ, ਹੇਮ ਰਾਜ, ਮਦਨ ਲਾਲ, ਦੀਪਕ ਕੁਮਾਰ, ਸੁਨੀਲ ਸੋਬਤੀ, ਰਕੇਸ਼ ਕੁਮਾਰ, ਰਮੇਸ਼ ਕੁਮਾਰ ਸ਼ਰਮਾ, ਬ੍ਰਹਮਣ ਸਭਾ ਦੇ ਜਨਰਲ ਸਕੱਤਰ ਮਦਨ ਗੋਪਾਲ ਸ਼ਰਮਾ ਆਦਿ ਸਖਸ਼ੀਅਤਾਂ ਹਾਜ਼ਰ ਸਨ।

ਵੱਧਦੀ ਮਹਿੰਗਾਈ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਦਾ ਸਿੱਟਾ

ਅਹਿਮਦਗੜ੍ਹ, 13 ਫਰਵਰੀ (ਦੇਸ ਰਾਜ ਸ਼ਰਮਾ)-ਭਾਰਤੀ ਜਨਤਾ ਪਾਰਟੀ ਵੱਲੋਂ ਪੂਰੇ ਦੇਸ਼ ਅੰਦਰ ਮਹਿੰਗਾਈ ਦੇ ਵਿਰੁੱਧ ਅੰਦੋਲਨ ਚਲਾਇਆ ਜਾ ਰਿਹਾ ਹੈ। ਭਾਜਪਾ ਦੀ ਕੇਂਦਰੀ ਟੀਮ ਵੱਲੋਂ ਆਏ ਦਿਸ਼ਾ-ਨਿਰਦੇਸ਼ਾਂ 'ਤੇ ਅੱਜ ਭਾਜਪਾ ਮੰਡਲ ਅਹਿਮਦਗੜ੍ਹ ਵੱਲੋਂ ਮਹਿੰਗਾਈ ਵਿਰੁੱਧ ਅੰਦੋਲਨ ਚਲਾਉਣ ਲਈ ਵੀ ਸੱਤ ਨਰਾਇਣ ਮੰਦਰ ਵਿਖੇ ਕਾਫੀ ਸਮੇਂ ਬਾਅਦ ਪ੍ਰਧਾਨ ਜਗਤਾਰ ਕੌੜਾ ਦੀ ਪ੍ਰਧਾਨਗੀ ਹੇਠ ਇੱਕ ਹੰਗਾਮੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਸਾਰੇ ਸ਼ਹਿਰ ਨਿਵਾਸੀਆਂ ਤੇ ਪਿੰਡਾਂ ਵਿੱਚੋਂ ਵੀ ਇਸ ਮਹਿੰਗਾਈ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨ ਲਈ ਉਪਰਾਲਾ ਤੇ ਵਿਚਾਰ ਕੀਤਾ ਗਿਆ। ਵੱਖ-ਵੱਖ ਬੁਲਾਰਿਆਂ ਵੱਲੋਂ ਕਾਂਗਰਸ ਸਰਕਾਰ ਦੀਆਂ ਮਾੜੀਆਂ ਨੀਤੀਆਂ ਦੇ ਕਾਰਨ ਤੇ ਵੱਡੇ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਹੀ ਮਹਿੰਗਾਈ ਵਧੀ ਹੈ। ਖੇਤੀ ਮੰਤਰੀ ਸ਼ਰਦ ਪਵਾਰ ਦੇ ਬਿਆਨਾਂ ਨੂੰ ਮਹਿੰਗਾਈ ਵੱਧਣ ਦਾ ਵੱਡਾ ਕਾਰਨ ਮੰਨਿਆ ਗਿਆ, ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਕੌੜਾ ਪ੍ਰਧਾਨ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਹਰ ਵਰਗ ਆਰਥਿਕ ਤੌਰ 'ਤੇ ਕਮਜ਼ੋਰ ਹੋ ਚੁੱਕਾ ਹੈ। ਇਸ ਮੀਟਿੰਗ ਨੂੰ ਸ੍ਰੀ ਰਮੇਸ਼ ਚੰਦ ਘਈ, ਹੀਰਾ ਲਾਲ ਗੋਇਲ, ਸ੍ਰੀ ਵਿਜੇ ਗੋਇਲ ਸਾਬਕਾ ਪ੍ਰਧਾਨ, ਸੰਦੀਪ ਪੁਰੀ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ। ਇਸ ਮੀਟਿੰਗ ਵਿੱਚ ਸ੍ਰੀ ਪ੍ਰਸ਼ੋਤਮ ਗੋਇਲ, ਭਾਗ ਸਿੰਘ, ਰਾਜਪਾ ਗਰਗ, ਅਲੋਖ ਗਾਂਧੀ, ਮਨਜੀਤ ਸਿੰਘ ਲੇਲੂ, ਪਰਮਿੰਦਰ ਵਾਲੀਆ, ਪ੍ਰਧਾਨ ਦੇਸ ਰਾਜ ਬੱਗਾ, ਪ੍ਰਮੋਦ ਗੁਪਤਾ, ਵਿਨੇਸ਼ ਗੁਪਤਾ, ਡਾਕਟਰ ਸ਼ੈਲੀ, ਜੋਗਿੰਦਰ ਸਿੰਘ, ਅਰਜਨ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਭਾਜਪਾ ਵਰਕਰਾਂ ਨੇ ਹਿੱਸਾ ਲਿਆ।

ਜਾਅਲੀ ਸੋਨੇ ਦੀ ਡੇਢ ਇੱਟ ਅਤੇ ਚੋਰੀ ਕੀਤੇ 10 ਮੋਬਾਇਲ ਫੋਨਾਂ ਸਣੇ ਦੋ ਕਾਬੂ

ਪਠਾਨਕੋਟ, 13 ਫਰਵਰੀ (ਧਵਨ, ਜਥੇਦਾਰ, ਜੰਡੀਰ)-ਸੀ.ਆਈ.ਏ. ਸਟਾਫ ਪਠਾਨਕੋਟ ਦੀ ਪੁਲਿਸ ਨੇ ਇੱਕ ਗਰੋਹ ਦੇ 2 ਅਜਿਹੇ ਮੈਂਬਰਾਂ ਨੂੰ ਕਾਬੂ ਕੀਤਾ ਹੈ ਜੋ ਜਾਅਲੀ ਸੋਨਾ ਲੋਕਾਂ ਨੂੰ ਵੇਚ ਕੇ ਉਨ੍ਹਾਂ ਨਾਲ ਠੱਗੀ ਕਰਦੇ ਸਨ ਅਤੇ ਮੋਬਾਇਲ ਫੋਨ ਵੀ ਚੋਰੀ ਕਰਦੇ ਸਨ। ਪੁਲਿਸ ਨੇ ਇਨ੍ਹਾਂ ਦੇ ਕਬਜ਼ੇ ਵਿੱਚੋਂ ਜਾਅਲੀ ਸੋਨੇ ਦੀ ਡੇਢ ਇੱਟ ਅਤੇ ਚੋਰੀ ਕੀਤੇ ਹੋਏ 10 ਮੋਬਾਇਲ ਫੋਨ ਬਰਾਮਦ ਕੀਤੇ ਹਨ। ਥਾਣਾ ਡਵੀਜ਼ਨ ਨੰਬਰ 1 ਵਿੱਚ ਇਨ੍ਹਾਂ ਖਿਲਾਫ ਆਈ.ਪੀ.ਸੀ. ਦੀ ਧਾਰਾ 379-420 ਤਹਿਤ ਪਰਚਾ ਦਰਜ ਕਰ ਲਿਆ ਗਿਆ ਹੈ ਅਤੇ ਇਨ੍ਹਾਂ ਦੇ ਤੀਸਰੇ ਸਾਥੀ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਸ੍ਰੀ ਨਰੇਸ਼ ਡੋਗਰਾ ਡੀ.ਐੱਸ.ਪੀ. ਸਿਟੀ ਨੇ ਸੀ.ਆਈ.ਏ. ਸਟਾਫ ਦੇ ਇੰਚਾਰਜ ਭਾਰਤ ਭੂਸ਼ਣ ਸਬ-ਇੰਸਪੈਕਟਰ ਦੀ ਹਾਜ਼ਰੀ ਵਿੱਚ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇਲਾਕੇ ਅੰਦਰ ਇੱਕ ਅਜਿਹਾ ਗਰੋਹ ਸਰਗਰਮ ਹੈ, ਜੋ ਅਸਲੀ ਸੋਨਾ ਦੱਸ ਕੇ ਜਾਅਲੀ ਸੋਨਾ ਵੇਚਦਾ ਹੈ ਅਤੇ ਲੋਕਾਂ ਨਾਲ ਠੱਗੀ ਕਰਦਾ ਹੈ। ਸੂਚਨਾ ਠੋਸ ਹੋਣ 'ਤੇ ਜਦ ਇੰਚਾਰਜ ਭਾਰਤ ਭੂਸ਼ਣ ਦੀ ਅਗਵਾਈ ਹੇਠ ਪੁਲਿਸ ਨੇ ਦੱਸੀ ਜਗ੍ਹਾ ਕੋਲ ਜਾ ਕੇ ਨਾਕਾ ਲਾ ਲਿਆ ਤਾਂ ਅੱਗੋਂ ਪੈਦਲ ਆਉਂਦੇ ਤਿੰਨ ਨੌਜਵਾਨ ਦਿਖਾਈ ਦਿੱਤੇ, ਜੋ ਪੁਲਿਸ ਨੂੰ ਦੇਖ ਦੇ ਪਿੱਛੇ ਨੂੰ ਮੁੜ ਪਏ। ਉਨ੍ਹਾਂ ਨੂੰ ਰੁਕਣ ਲਈ ਕਿਹਾ ਗਿਆ ਤਾਂ ਇੱਕ ਫਰਾਰ ਹੋ ਗਿਆ। ਜਦ ਕਿ ਦੂਸਰੇ ਦੋਨਾਂ ਨੂੰ ਕਾਬੂ ਕਰਕੇ ਉਨ੍ਹਾਂ ਦਾ ਨਾਂਅ ਪਤਾ ਪੁੱਛਿਆ, ਜਿਨ੍ਹਾਂ ਨੇ ਆਪਣੇ ਨਾਂ ਪ੍ਰਵੀਨ ਕੁਮਾਰ ਉਰਫ ਲਾਡੀ ਅਤੇ ਬੂਆ ਦਿੱਤਾ ਉਰਫ ਡਿੰਪਲ ਦੋਨੋਂ ਵਾਸੀ ਬਾਰਡ ਸਾਹਿਬ ਦੱਸੇ। ਉਨ੍ਹਾਂ ਦੇ ਕਬਜ਼ੇ ਵਿੱਚੋਂ ਸੋਨੇ ਨੁਮਾ ਦਿੱਖ ਵਾਲੀ ਪਿੱਤਲ ਦੀ ਡੇਢ ਇੱਟ ਬਰਾਮਦ ਹੋਈ, ਜੋ ਕਿ ਉਹ ਅਸਲੀ ਸੋਨਾ ਦੱਸ ਕੇ ਵੇਚਣ ਲਈ ਲੈ ਕੇ ਜਾ ਰਹੇ ਸਨ। ਉਸ ਉੱਪਰ ਅਰਬੀ ਭਾਸ਼ਾ ਦੀ ਮੋਹਰ ਲੱਗੀ ਹੋਈ ਸੀ ਤਾਂ ਕਿ ਇਹ ਦਰਸਾਇਆ ਜਾ ਸਕੇ ਕਿ ਇਹ ਅਸਲੀ ਸੋਨਾ ਹੈ। ਜਦ ਉਨ੍ਹਾਂ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਗਈ ਤਾਂ ਉਹ ਬਕ ਪਏ ਕਿ ਉਹ ਅਸਲੀ ਸੋਨਾ ਦੱਸ ਕੇ ਠੱਗੀਆਂ ਮਾਰਦੇ ਹਨ। ਉਨ੍ਹਾਂ ਨੇ ਚੋਰੀ ਕੀਤੇ ਹੋਏ 10 ਮੋਬਾਇਲ ਫੋਨ ਵੀ ਬਰਾਮਦ ਕਰਵਾਏ। ਤੀਸਰੇ ਸਾਥੀ ਦਾ ਨਾਂ ਉਨ੍ਹਾਂ ਸੂਰਜ ਪ੍ਰਕਾਸ਼ ਵਾਸੀ ਕੋਠੀ ਪੰਡਤਾਂ ਦੱਸਿਆ। ਡੀ.ਐੱਸ.ਪੀ. ਨਰੇਸ਼ ਡੋਗਰਾ ਨੇ ਅੱਗੇ ਦੱਸਿਆ ਕਿ ਇਨ੍ਹਾਂ ਉੱਪਰ ਲੁਧਿਆਣਾ, ਕਪੂਰਥਲਾ ਅਤੇ ਰੋਪੜ ਵਿਖੇ ਪਹਿਲਾਂ ਵੀ ਪਰਚੇ ਦਰਜ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੇ ਤੀਸਰੇ ਸਾਥੀ ਦੀ ਭਾਲ ਵਿੱਚ ਛਾਪੇ ਮਾਰੇ ਜਾ ਰਹੇ ਹਨ। ਕਾਬੂ ਕੀਤੇ ਗਏ ਦੋਨੋਂ ਨੌਜਵਾਨਾਂ ਨੇ ਅੱਜ ਸ਼ਾਮ ਨੂੰ ਡਿਊਟੀ ਮੈਜਿਸਟਰੇਟ ਸ੍ਰੀ ਕੁਲਭੂਸ਼ਣ ਕੁਮਾਰ ਮੂਹਰੇ ਪੇਸ਼ ਕੀਤਾ ਗਿਆ, ਜਿੱਥੇ ਉਨ੍ਹਾਂ ਦੋਹਾਂ ਦਾ ਇੱਕ ਦਿਨ ਦਾ ਪੁਲਿਸ ਰਿਮਾਂਡ ਦੇ ਦਿੱਤਾ ਗਿਆ।

ਸ੍ਰੀ ਦਰਬਾਰ ਸਾਹਿਬ ਲੰਗਰ ਦੀ ਸੇਵਾ 'ਚ ਯੋਗਦਾਨ ਪਾਉਣ ਵਾਲਿਆਂ ਦਾ ਸਨਮਾਨ

ਮੋਹਾਲੀ 13 ਫਰਵਰੀ (ਵੀਨਾ ਰਾਜਪੂਤ)ਆਲ ਇੰਡੀਆ ਯੂਥ ਸ੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਰਾਜਾ ਕੰਵਰਜੋਤ ਸਿੰਘ ਰਾਜਾ ਮੁਹਾਲੀ ਦੀ ਪ੍ਰਧਾਨਗੀ ਹੇਠ

ਸ੍ਰੀ ਦਰਬਾਰ ਸਾਹਿਬ ਲੰਗਰ ਦੀ ਸੇਵਾ ਵਿਚ ਯੋਗਦਾਨ ਪਾਉਣ ਵਾਲੇ ਯੂਥ ਅਕਾਲੀ ਵਰਕਰਾਂ ਦਾ ਸਨਮਾਨ ਸਮਾਗਮ ਫੇਜ਼-2 ਵਿਖੇ ਕੀਤਾ ਗਿਆ। ਇਸ ਮੌਕੇ ਰਾਜਾ ਮੁਹਾਲੀ ਨੇ ਯੂਥ ਵਰਕਰਾਂ ਨੂੰ ਸਨਮਾਨਿਤ ਕੀਤਾ ਅਤੇ ਉਨ੍ਹਾਂ ਇਕੱਠ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਆਲ ਇੰਡੀਆ ਯੂਥ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਬਿਕਰਮ ਸਿੰਘ ਮਜੀਠੀਆ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਹਰਿਆਵਲੀ ਦਸਤੇ ਯੂਥ ਵਿੰਗ ਨੂੰ ਉਤਸ਼ਾਹਿਤ ਕਰਨ ਲਈ ਜਲਦੀ ਹੀ ਨਵੀਆਂ ਨੀਤੀਆਂ ਹੋਂਦ ਵਿਚ ਲਿਆਂਦੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਰਾਜ ਅੰਦਰੋਂ ਨਸ਼ਿਆਂ ਦੇ ਕੋਹੜ ਨੂੰ ਖਤਮ ਕਰਨ ਲਈ ਸਰਕਾਰ ਵਿਸ਼ੇਸ਼ ਉਪਰਾਲੇ ਕਰ ਰਹੀ ਹੈ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਬਰਬਾਦ ਹੋਣ ਤੋਂ ਬਚਾਇਆ ਜਾ ਸਕੇ। ਅਕਾਲੀ-ਭਾਜਪਾ ਸਰਕਾਰ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਰੁਜ਼ਗਾਰ ਦੇ ਵਸੀਲੇ ਮੁਹਈਆ ਕਰਵਾ ਰਹੀ ਹੈ। ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਇਸ ਮੌਕੇ ਅਮਨਦੀਪ ਸਿੰਘ, ਸੁਰਜੀਤ ਸਿੰਘ ਬੈਂਸ, ਭੁਪਿੰਦਰ ਸਿੰਘ ਸਾਗਰ, ਜਸਬੀਰ ਸਿੰਘ ਜੱਸੀ, ਕੰਵਰ ਸਿੰਘ, ਹਰੀਸ਼ ਰਾਜਨ, ਪ੍ਰਭਜੋਤ ਸਿੰਘ ਕਲੇਰ, ਸੁਨੀਲ ਦੱਤ, ਹਰਜਿੰਦਰ ਸਿੰਘ ਰਿੰਕੂ, ਹਰਵਿੰਦਰ ਸਿੰਘ, ਵਿਪਨਜੀਤ ਸਿੰਘ, ਤਰਨਬੀਰ ਸਿੰਘ ਓਬਰਾਏ, ਇੰਦਰ ਸਿੰਘ,ਹਰਵਿੰਦਰ ਸਿੰਘ ਫੇਜ਼-2, ਹਰਪ੍ਰੀਤ ਸਿੰਘ, ਕੁਲਬੀਰ ਸਿੰਘ ਬਾਬਾ, ਬਲਕਾਰ ਸਿੰਘ, ਗੁਰਪ੍ਰੀਤ ਸਿੰਘ, ਲਖਵਿੰਦਰ ਸਿੰਘ ਲੱਖਾ, ਗੁਰਦੀਪ ਸਿੰਘ ਪੜਛ ਅਤੇ ਹੋਰ ਯੂਥ ਵਰਕਰ ਵੀ ਹਾਜ਼ਰ ਸਨ।

ਬਹੁਜਨ ਮਜ਼ਦੂਰ ਯੂਨੀਅਨ ਰਣਜੀਤ ਸਾਗਰ ਡੈਮ ਸ਼ਾਹਪੁਰ ਕੰਢੀ ਦੀ ਮੀਟਿੰਗ ਆਯੋਜਿਤ

ਸਾਹਪੁਰ ਕੰਢੀ, 13 ਫਰਵਰੀ (ਜੰਡੀਰ, ਜਥੇਦਾਰ)-ਬਹੁਜਨ ਮਜ਼ਦੂਰ ਯੂਨੀਅਨ ਰਣਜੀਤ ਸਾਗਰ ਡੈਮ ਸ਼ਾਹਪੁਰ ਕੰਢੀ ਦੀ ਵਿਸ਼ੇਸ਼ ਮੀਟਿੰਗ ਉੱਚਾ ਥੜ੍ਹਾ ਕਾਲੋਨੀ ਵਿਖੇ ਸ੍ਰੀ ਸੋਹਣ ਲਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਰਣਜੀਤ ਸਾਗਰ ਡੈਮ ਪ੍ਰਸ਼ਾਸਨ ਨੇ ਅੱਜ ਤੱਕ ਡੈਮ ਪ੍ਰੋਜੈਕਟ ਤੇ ਰਾਖਵਾਂਕਰਨ ਨੀਤੀ ਨੂੰ ਲਾਗੂ ਨਹੀਂ ਕੀਤਾ। ਜਿਸ ਦੇ ਕਾਰਨ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਕਰਮਚਾਰੀਆਂ ਨੂੰ ਬਣਦਾ ਯੋਗ ਲਾਭ ਨਹੀਂ ਮਿਲ ਸਕਿਆ ਤੇ ਉਨ੍ਹਾਂ ਦਾ ਆਰਥਿਕ ਨੁਕਸਾਨ ਹੋ ਰਿਹਾ ਹੈ। ਪੰਜਾਬ ਸਰਕਾਰ ਦੇ ਭਲਾਈ ਵਿਭਾਗ ਵੱਲੋਂ ਸਮੇਂ ਦਰ ਸਮੇਂ ਜਾਰੀ ਹਦਾਇਤਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ ਤੇ ਬੈਕਲਾਗ ਨੂੰ ਪੂਰਾ ਨਹੀਂ ਕੀਤਾ ਜਾ ਰਿਹਾ। ਸਟੈਂਡਿੰਗ ਹੁਕਮਾਂ ਮੁਤਾਬਿਕ ਸੀਨੀਅਰਤਾ ਅਤੇ ਮੈਰਿਟ ਨੂੰ ਧਿਆਨ 'ਚ ਰੱਖ ਕੇ ਪਦ-ਉਨਤੀਆਂ ਦਿੱਤੀਆਂ ਜਾਣੀਆਂ ਸਨ, ਪਰ ਡੈਮ ਪ੍ਰਸ਼ਾਸਨ ਨੇ ਬਹੁਤ ਸਾਰੇ ਕਰਮਚਾਰੀਆਂ ਨੂੰ ਤਰੱਕੀਆਂ ਦੇ ਕੇ ਸਰਕਾਰੀ ਹੁਕਮਾਂ ਦੀਆਂ ਧੱਜੀਆਂ ਉਡਾਈਆਂ ਹਨ। ਸੀਨੀਆਰਤਾ ਅਤੇ ਯੋਗਤਾ ਦਾ ਕੋਈ ਧਿਆਨ ਨਹੀਂ ਰੱਖਿਆ ਗਿਆ। ਭਲਾਈ ਵਿਭਾਗ ਵੱਲੋਂ ਜਾਰੀ ਪੱਤਰ ਚੈਪਟਰ-9 ਦੇ ਤਹਿਤ ਕਿਸੇ ਵੀ ਐੱਸ.ਸੀ., ਬੀ.ਸੀ. ਕਰਮਚਾਰੀ ਨੂੰ ਰਿਵਰਟ ਨਹੀਂ ਕੀਤਾ ਜਾ ਸਕਦਾ। ਬਾਵਜੂਦ ਇਸ ਦੇ ਕਈ ਕਰਮਚਾਰੀਆਂ ਨੂੰ ਰਿਵਰਟ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਰਿਵਰਟ ਕੀਤੇ ਗਏ ਕਰਮਚਾਰੀਆਂ ਨੂੰ ਮੁੜ ਪਹਿਲੇ ਪਦਾਂ 'ਤੇ ਬਹਾਲ ਕੀਤਾ ਜਾਵੇ। ਸਰਕਾਰ ਦੇ ਹੁਕਮਾਂ ਮੁਤਾਬਿਕ ਰਜਿਸਟਰਡ ਰੋਸਟਰ ਨੂੰ ਧਿਆਨ 'ਚ ਰੱਖਦੇ ਹੋਇਆ ਰਾਖਵਾਂਕਰਨ ਨੀਤੀ ਨੂੰ ਸੰਪੂਰਨ ਰੂਪ 'ਚ ਲਾਗੂ ਕੀਤਾ ਜਾਵੇ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਰੋਸ਼ਨ ਲਾਲ ਭਗਤ ਜਨਰਲ ਸਕੱਤਰ ਨੇ ਦੱਸਿਆ ਕਿ ਚੋਣਾਂ ਤੋਂ ਪਹਿਲਾਂ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਐਲਾਨ ਕੀਤਾ ਸੀ ਕਿ ਪੰਜਾਬ 'ਚ ਜੇਕਰ ਸਾਡੀ ਸਰਕਾਰ ਬਣੀ ਤਾਂ ਅਸੀਂ ਪਹਿਲ ਦੇ ਅਧਾਰ 'ਤੇ ਡੈਮ ਮੁਲਾਜ਼ਮਾਂ ਦੀਆਂ ਸਾਰੀਆਂ ਮੰਗਾਂ ਨੂੰ ਹੱਲ ਕਰਾਂਗੇ। ਸਰਕਾਰ ਬਣਦਿਆਂ ਹੀ ਇਹ ਵਾਅਦੇ ਭੁਲਾ ਦਿੱਤੇ ਗਏ, ਜੋ ਅੱਜ ਤੱਕ ਵਫਾ ਨਹੀਂ ਹੋਏ। ਇਸ ਤੋਂ ਇਲਾਵਾ ਸ੍ਰ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਨੇ ਸਾਂਝੀ ਐਕਸ਼ਨ ਕਮੇਟੀ ਨਾਲ ਚੰਡੀਗੜ੍ਹ ਵਿਖੇ ਆਪਣੇ ਦਫਤਰ 'ਚ ਹੋਈ ਮੀਟਿੰਗ ਦੌਰਾਨ ਵਾਅਦਾ ਕੀਤਾ ਸੀ ਕਿ ਚੰਗੇ ਕੰਮ ਬਦਲੇ ਅਤੇ ਔਖੀਆਂ ਹਾਲਤਾਂ 'ਚ ਕੀਤੇ ਗਏ ਕੰਮ ਬਦਲੇ ਡੈਮ ਦੇ ਮੁਲਾਜ਼ਮਾਂ ਨੂੰ ਦਿੱਤੀਆਂ ਗਈਆਂ, ਵਿਸ਼ੇਸ਼ ਤਰੱਕੀਆਂ ਨੂੰ ਵਾਪਸ ਨਹੀਂ ਲਿਆ ਜਾਵੇਗਾ ਅਤੇ ਨਾ ਹੀ ਮੁਲਾਜ਼ਮਾਂ ਦੀਆਂ ਤਨਖਾਹਾਂ 'ਚੋਂ ਕਿਸੇ ਕਿਸਮ ਦੀ ਹੋਰ ਕਟੌਤੀ ਕੀਤੀ ਜਾਵੇਗੀ।

ਪਰ 22 ਜਨਵਰੀ ਨੂੰ ਮੰਤਰੀ ਪ੍ਰੀਸ਼ਦ ਦੀ ਹੋਈ ਮੀਟਿੰਗ ਵਿੱਚ ਇਨ੍ਹਾਂ ਵਿਸ਼ੇਸ਼ ਤਰੱਕੀਆਂ ਨੂੰ ਵਾਪਸ ਲੈਣ ਦਾ ਫੈਸਲਾ ਕਰ ਦਿੱਤਾ ਗਿਆ ਹੈ, ਜਿਸ ਨਾਲ ਹਜ਼ਾਰਾਂ ਮੁਲਾਜ਼ਮ ਪ੍ਰਭਾਵਿਤ ਹੋਣਗੇ ਤੇ ਉਨ੍ਹਾਂ ਦਾ ਆਰਥਿਕ ਨੁਕਸਾਨ ਹੋਵੇਗਾ, ਜੋ ਮਹਿੰਗਾਈ ਦੇ ਜ਼ਮਾਨੇ 'ਚ ਅਸਹਿਣਯੋਗ ਹੈ। ਮੁਲਾਜ਼ਮਾਂ 'ਚ ਇਸ ਪ੍ਰਤੀ ਬਹੁਤ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਿਸ ਦਾ ਖਮਿਆਜਾ ਅਕਾਲੀ-ਭਾਜਪਾ ਸਰਕਾਰ ਨੂੰ ਆਉਣ ਵਾਲੀਆਂ ਅਸੰਬਲੀ ਚੋਣਾਂ 'ਚ ਜ਼ਰੂਰ ਭੁਗਤਣਾ ਪਵੇਗਾ। ਮੁਲਾਜ਼ਮ ਸਰਕਾਰ ਦੇ ਖਿਲਾਫ ਵਿਸ਼ਾਲ ਸੰਘਰਸ਼ ਵਿੱਢਣਗੇ। ਇਸ ਮੌਕੇ 'ਤੇ ਪ੍ਰੇਮ ਚੰਦ ਚੇਅਰਮੈਨ, ਸੀਤਲ ਸਿੰਘ, ਸੁਰਿੰਦਰ ਸਿੰਘ, ਲਖਵਿੰਦਰ ਟੋਨੀ, ਕਸ਼ਮੀਰੀ ਲਾਲ, ਕੁਲਦੀਪ ਸਿੰਘ, ਸਤਪਾਲ ਤੇ ਸੁਰਿੰਦਰ ਛਿੰਦਾ, ਹੇਮ ਰਾਜ, ਗੁਲਜ਼ਾਰ ਸਿੰਘ ਸਿੱਧੂ ਹਾਜ਼ਰ ਸਨ।

ਕੰਪਿਊਟਰ 'ਸਾਫਟਵੇਅਰ' ਵਿੱਚ ਸਿੱਖ ਪੰਥ ਦੀ ਕੋਈ ਨਿਸ਼ਾਨੀ ਸ਼ਾਮਿਲ ਨਾ ਕਰਨਾ ਮੰਦਭਾਗਾ-ਵਿਕਰਮ ਸਿੰਘ

ਜਲੰਧਰ, 13 ਫਰਵਰੀ (ਅ.ਬ.)-ਜੰਮੂ ਕਸ਼ਮੀਰ ਦੇ ਜ਼ਿਲ੍ਹਾ ਬਾਰਾਮੂਲਾ ਵਿਚਲੇ ਪਿੰਡ ਸਰਹਾਲੀ ਘੰਡੀ ਦੇ ਵਸਨੀਕ ਸ੍ਰ. ਵਿਕਰਮ ਸਿੰਘ ਨੇ ਇਸ ਗੱਲ 'ਤੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ ਕਿ ਕੰਪਿਊਟਰ ਸਾਫਟਵੇਅਰ ਦੀ ਵਿਸ਼ਵ ਭਰ 'ਚ ਮੋਹਰੀ ਕੰਪਨੀ 'ਮਾਈਕਰੋਸੋਫਟ' ਵੱਲੋਂ ਤਿਆਰਸ਼ੁਦਾ ਕੰਪਿਊਟਰ ਸਾਫਟਵੇਅਰ (ਪ੍ਰੋਗਰਾਮਾਂ) ਵਿੱਚ ਸਿੱਖ ਪੰਥ ਦੀ ਕੋਈ ਨਿਸ਼ਾਨੀ ਸ਼ਾਮਿਲ ਨਹੀਂ ਕੀਤੀ ਗਈ। ਹਾਲਾਂਕਿ ਬਾਕੀ ਪ੍ਰਮੁੱਖ ਧਰਮਾਂ ਦੇ ਧਾਰਮਿਕ ਚਿੰਨ੍ਹ ਸ਼ਾਮਿਲ ਕੀਤੇ ਗਏ ਹਨ। ਅੱਜ ਦੀ ਆਵਾਜ਼ ਦੇ ਦਫਤਰ ਵਿੱਚ ਆ ਕੇ ਸ੍ਰ. ਵਿਕਰਮ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਇਹ ਮਾਮਲਾ ਲੱਗਭੱਗ 1995 ਤੋਂ ਭਾਵ 15 ਸਾਲ ਪਹਿਲਾਂ ਵੀ ਉਠਾਇਆ ਸੀ ਕਿ ਮਾਈਕਰੋਸੋਫਟ ਦੇ ਇੱਕ ਬਹੁਤ ਚੰਗੇ ਅਤੇ ਮਕਬੂਲ ਸਾਫਟਵੇਅਰ ਐੱਮ.ਐੱਸ. ਵਰਡ ਵਿੱਚ ਈਸਾਈਆਂ ਮੁਸਲਮਾਨਾਂ ਅਤੇ ਹਿੰਦੂਆਂ ਦੇ ਧਾਰਮਿਕ ਨਿਸ਼ਾਨ ਤਾਂ 'ਸਿੰਬਲਜ' ਸੈਕਸ਼ਨ ਵਿੱਚ ਮੌਜੂਦ ਹਨ, ਪਰ ਇਸ ਵਿੱਚ ਸਿੱਖ ਧਰਮ ਦੇ ਨਿਸ਼ਾਨ ੧ੳ ਜਾਂ ਖੰਡਾ ਸਾਹਿਬ ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਸ. ਵਿਕਰਮ ਸਿੰਘ ਨੇ ਆਪਣੀਆਂ ਭਾਵਨਾਵਾਂ ਪ੍ਰਗਟਾਉਂਦਿਆਂ ਮਾਈਕਰੋਸੋਫਟ ਦੇ ਮਾਲਕ ਬਿਲ ਗੇਟਸ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਸਾਫਟਵੇਅਰ ਵਿੱਚ ਸੋਧ ਕਰਦੇ ਹੋਏ

ਇਸ ਵਿੱਚ ੧ੳ ਜਾਂ ਖੰਡਾ ਸਾਹਿਬ ਨੂੰ ਸ਼ਾਮਿਲ ਕਰਨ, ਕਿਉਂਕਿ ਦੇਸ਼-ਵਿਦੇਸ਼ ਵਿੱਚ ਕਰੋੜਾਂ ਸਿੱਖ ਉਨ੍ਹਾਂ ਦੇ ਇਸ ਪ੍ਰੋਗਰਾਮ ਦੀ ਵਰਤੋਂ ਕਰਦੇ ਹਨ।

ਦੇਸ਼-ਵਿਦੇਸ਼ ਦੇ ਹੋਰਨਾਂ ਆਗੂਆਂ ਅਤੇ ਪੰਥਕ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਮਾਈਕਰੋਸੋਫਟ ਤੇ ਇਹ ਦਬਾਅ ਬਣਾਉਣ ਕਿ ਸਿੱਖਾਂ ਦੇ ਧਾਰਮਿਕ ਨਿਸ਼ਾਨ ਉਕਤ ਸਾਫਟਵੇਅਰ ਵਿੱਚ ਸ਼ਾਮਿਲ ਕੀਤੇ ਜਾਣ। ਹੁਣ ਅਪੀਲ ਕਰਦਾ ਹਾਂ ਕਿ ਧਰਮ ਪ੍ਰਚਾਰ ਕਮੇਟੀ ਦੇ ਰੂਪ ਵਿੱਚ ਐੱਸ.ਜੀ.ਪੀ.ਸੀ. ਦੇ ਪ੍ਰਧਾਨ ਸ੍ਰ. ਅਵਤਾਰ ਸਿੰਘ ਮੱਕੜ ਅਤੇ ਅਕਾਲ ਤਖਤ ਦੇ ਜਥੇਦਾਰ ਗੁਰਬਚਨ ਸਿੰਘ ਅਤੇ ਹੋਰ ਆਗੂ ਇਸ ਮਾਮਲੇ ਨੂੰ ਕੰਪਨੀ ਕੋਲ ਉਠਾਉਣ।